ਸਾਂਝਾ ਬਿਆਨ

3 ਮਈ 2020

ਸਮੁੱਚੀ ਲੋਕਾਈ ਇਸ ਵੇਲੇ ਅਣਕਿਆਸੀ ਮੁਸੀਬਤ ਦਾ ਸਾਹਮਣਾ ਕਰ ਰਹੀ ਹੈ। ਇਸ ਮੌਕੇ ਏਕਤਾ ਦਾ ਪ੍ਰਗਟਾਵਾ ਕਰਦਿਆਂ ਅਤੇ ਇੱਕ ਦੂਜੇ ਦੀ ਮਦਦ ਕਰਕੇ ਹੀ ਅਸੀਂ ਇਸ ਮਹਾਂਮਾਰੀ ਵੱਲੋਂ ਦਿੱਤੀਆਂ ਗਈਆਂ ਚੁਣੌਤੀਆਂ ਦਾ ਮੁਕਾਬਲਾ ਕਰਦਿਆਂ ਆਪਣਾ ਬਚਾਅ ਕਰਕੇ ਇਨ੍ਹਾਂ ਚੁਣੌਤੀਆਂ ਨੂੰ ਸਰ ਕਰ ਸਕਦੇ ਹਾਂ। ਸਿੱਖ ਸਰਬੱਤ ਦੇ ਭਲੇ ਦੇ ਆਸ਼ੇ ਨੂੰ ਸੱਚੇ ਮਨੋਂ ਲਾਗੂ ਕਰਦਿਆਂ ਬਿਨਾ ਕਿਸੇ ਜਾਤ, ਨਸਲ, ਰੰਗ ਆਦਿ ਦੇ ਭੇਦ-ਭਾਵ ਦੇ ਮਦਦ ਕਰਦਿਆਂ ਲੰਗਰ, ਸੁੱਕਾ ਰਾਸ਼ਨ, ਰੋਜਾਨਾ ਵਰਤੋਂ ਦੀਆਂ ਹੋਰ ਚੀਜਾਂ ਅਤੇ ਬਿਮਾਰੀ ਤੋਂ ਬਚਾਅ ਲਈ ਮਾਸਕ ਆਦਿ ਲੋੜਵੰਦਾਂ ਦੇ ਦਰਾਂ ਉੱਤੇ ਪਹੁੰਚਾ ਰਹੇ ਹਨ। ਸਿੱਖ ਧਾਰਮਿਕ ਅਦਾਰਿਆਂ ਨੇ ਪਹਿਲਕਦਮੀ ਕਰਕੇ ਆਪਣੀਆਂ ਇਮਾਰਤਾਂ ਦੇ ਬੂਹੇ ਡਾਕਟਰਾਂ, ਨਰਸਾਂ ਦੇ ਰਹਿਣ ਲਈ ਅਤੇ ਏਕਾਂਤਵਾਸ ਕੇਂਦਰ ਬਣਾਉਣ ਲਈ ਖੋਲ੍ਹ ਦਿੱਤੇ ਹਨ।

ਇਨ੍ਹਾਂ ਬਿਖੜੇ ਸਮਿਆਂ ਵਿਚ ਜਿਥੇ ਮਨੁੱਖਤਾ ਨੂੰ ਆਪਸੀ ਭਾਈਚਾਰੇ ਅਤੇ ਇਕ-ਦੂਜੇ ਦੀ ਮਦਦ ਕਰਨ ਦੀਆਂ ਮਿਸਾਲਾਂ ਕਾਇਮ ਕਰ ਵਿਖਾਉਣ ਦੀ ਲੋੜ ਹੈ, ਉੱਥੇ ਇਸਦੇ ਉਲਟ ਅਸੀਂ ਵੇਖ ਰਹੇ ਹਾਂ ਕਿ ਖਬਰਖਾਨੇ ਦਾ ਵੱਡਾ ਹਿੱਸਾ ਸਰਕਾਰੀ ਮਹਿਕਮਿਆਂ ਦੇ ਗੈਰਜਿੰਮੇਦਾਰਾਨਾ ਬਿਆਨ ਵਿਖਾ ਕੇ ਗੁਮਰਾਹਕੁਨ ਤੇ ਗੁਨਾਹਕੁਨ ਪੱਤਰਕਾਰੀ ਦਾ ਝੱਖੜ ਝੁਲਾ ਰਿਹਾ ਹੈ ਜਿਸ ਰਾਹੀਂ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਸਮਾਜ ਲਈ ਨੁਕਸਾਨਦੇਹ ਗਰਦਾਨਿਆ ਜਾ ਰਿਹਾ ਹੈ। ਮਹਾਂਮਾਰੀ ਵੱਲੋਂ ਪੈਦਾ ਕੀਤੇ ਡਰ ਅਤੇ ਸਹਿਮ ਨੂੰ ਘੱਟਗਿਣਤੀਆਂ ਨੂੰ ਹਾਸ਼ੀਏ ਉੱਤੇ ਧੱਕਣ ਲਈ ਵਰਤਿਆ ਜਾ ਰਿਹਾ ਹੈ।

ਖਬਰਖਾਨੇ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਪੰਜਾਬ ਪਰਤੇ ਸ਼ਰਧਾਲੂਆਂ ਬਾਰੇ ਕੀਤੀ ਜਾ ਰਹੀ ਪੱਤਰਕਾਰੀ ਤੇ ਪੰਜਾਬ ਦੇ ਸਿਹਤ ਮੰਤਰੀ ਦਾ ਬਿਆਨ ਉਸੇ ਕੜੀ ਦਾ ਹਿੱਸਾ ਨੇ ਜਿਹਦੇ ਤਹਿਤ ਐੱਨ.ਆਰ.ਆਈ. ਬਲਦੇਵ ਸਿੰਘ ਦਾ ਨਾਂ ਲੈ ਕੇ ਸਿਖਾਂ ਦੀ ਕਿਰਦਾਰਕੁਸ਼ੀ ਕੀਤੀ ਗਈ ਅਤੇ ਉਸ ਨੂੰ ‘ਸੁਪਰ-ਸਪਰੈਡਰ’ ਕਹਿ ਕੇ ਭੰਡਿਆ ਗਿਆ। ਇੱਥੋਂ ਤੱਕ ਕਿ ਪੰਜਾਬ ਪੁਲਿਸ ਵੱਲੋਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੀ ਉਸ ਵਿਚਾਰੀ ਰੂਹ ਨੂੰ ਨਿਸ਼ਾਨੇ ਉੱਤੇ ਰੱਖ ਕੇ ਬਣਾਇਆ ਗਿਆ ਗੀਤ ਜਾਰੀ ਕਰਨ ਦੀ ਹਰਕਤ ਵੀ ਕੀਤੀ ਗਈ। ਹੁਣ ਫੇਰ ਓਸੇ ਤਰਾਂ ਨਫਰਤ ਦੀ ਮੁਹਿਮ ਚਲਾ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਪਰਤੀ ਸੰਗਤ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਸੀਂ ਖਬਰਖਾਨੇ (ਮੀਡੀਏ) ਅਤੇ ਸੂਬੇ ਦੇ ਸਿਹਤ ਮੰਤਰੀ ਵੱਲੋਂ ਕੀਤੇ ਜਾ ਰਹੇ ਦੁਸ਼ਪ੍ਰਚਾਰ ਦੀ ਨਿਖੇਧੀ ਕਰਦੇ ਹਾਂ।

ਇਹ ਘਟੀਆ ਦੁਸ਼ਪ੍ਰਚਾਰ ਫੌਰੀ ਤੌਰ ਉੱਤੇ ਬੰਦ ਕੀਤਾ ਜਾਵੇ ਤਾਂ ਕਿ ਪੰਜਾਬ ਵਿਚਲੀ ਸਮਾਜਿਕ ਸਦਭਾਵਨਾ ਨੂੰ ਇਸ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ। ਸਰਕਾਰਾਂ, ਸਮਾਜ ਅਤੇ ਅਦਾਰਿਆਂ ਲਈ ਇਹ ਵੇਲਾ ਪੂਰੀ ਵਾਹ ਲਾ ਕੇ ਸਿਹਤ ਸੇਵਾਵਾਂ ਅਤੇ ਰਾਹਤ ਯਕੀਨੀ ਬਣਾਉਣ ਦਾ

ਹੈ ਨਾ ਕਿ ਜਾਤ, ਰੰਗ, ਨਸਲ, ਧਰਮ ਆਦਿ ਦੇ ਅਧਾਰ ਉੱਤੇ ਵਿਤਕਰੇਬਾਜੀ ਕਰਨ ਤੇ ਫੁੱਟ ਪਾਉਣ ਦਾ।

ਸਹਿਮਤੀ

1. ਅਜਮੇਰ ਸਿੰਘ (ਲੇਖਕ ਅਤੇ ਵਿਚਾਰਕ)
2. ਅਜੈਪਾਲ ਸਿੰਘ ਬਰਾੜ (ਲੇਖਕ ਤੇ ਵਿਚਾਰਵਾਨ)
3. ਅਮਨਪ੍ਰੀਤ ਸਿੰਘ (ਪ੍ਰਬੰਧਕੀ ਮਾਹਰ)
4. ਅਮਰਦੀਪ ਸਿੰਘ (ਪੰਥ ਸੇਵਕ, ਦਿੱਲੀ)
5. ਇੰਦਰਪ੍ਰੀਤ ਸਿੰਘ ਸੰਗਰੂਰ (ਅਕਾਉਂਟਸ ਅਫਸਰ)
6. ਸਨਦੀਪ ਸਿੰਘ (ਅਧਿਆਪਕ)
7. ਸਰਵਕਾਰ ਸਿੰਘ (ਪੰਥ ਸੇਵਕ)
8. ਸਿਕੰਦਰ ਸਿੰਘ (ਯੂਨੀਵਰਸਿਟੀ ਸਹਾਇਕ ਪ੍ਰੋਫੈਸਰ)
9. ਸੁਖਦੀਪ ਸਿੰਘ ਬਰਨਾਲਾ (ਲੇਖਕ)
10. ਸੁਖਦੀਪ ਸਿੰਘ (ਪੰਥ ਸੇਵਕ)
11. ਹਰਬਖਸ਼ ਸਿੰਘ (ਇਨਫਰਮੇਸ਼ਨ ਤਕਨਾਲਜੀ ਮਾਹਿਰ)
12. ਗੰਗਵੀਰ ਰਾਠੌਰ (ਵਿਚਾਰਕ ਅਤੇ ਕਾਰਕੁੰਨ)
13. ਜਗਮੋਹਨ ਸਿੰਘ (ਇਕ ਬਿਜਲਈ ਖਬਰ ਅਦਾਰੇ ਦਾ ਸੰਪਾਦਕ)
14. ਜਸਜੀਤ ਸਿੰਘ (ਫਿਲਮ ਨਿਰਮਾਤਾ ਅਤੇ ਕਾਰੋਬਾਰੀ)
15. ਜਸਪਾਲ ਸਿੰਘ ਮੰਝਪੁਰ (ਵਕੀਲ)
16. ਡਾ. ਕੰਵਲਜੀਤ ਸਿੰਘ ਛੱਜਲਵੱਡੀ (ਇਕ ਕਾਲਜ ਦੇ ਪ੍ਰਿਸੀਪਲ)
17. ਦਲਜੀਤ ਸਿੰਘ ਸਰਾਂ (ਸੀਨੀਅਰ ਪੱਤਰਕਾਰ)
18. ਪਰਦੀਪ ਸਿੰਘ (ਲੇਖਕ ਅਤੇ ਫਿਲਮ ਨਿਰਦੇਸ਼ਕ)
19. ਪਰਮਜੀਤ ਸਿੰਘ (ਇਕ ਬਿਜਲਈ ਖਬਰ ਅਦਾਰੇ ਦਾ ਸੰਪਾਦਕ)
20. ਬਿਕਰਮਜੀਤ ਸਿੰਘ (ਸਾਫਟਵੇਅਰ ਇੰਜੀਨੀਅਰ)
21. ਭਵਨੀਤ ਸਿੰਘ (ਪੰਥ ਸੇਵਕ, ਦਿੱਲੀ)
22. ਮਨਧੀਰ ਸਿੰਘ (ਕਿਸਾਨ ਤੇ ਪੰਥ ਸੇਵਕ)
23. ਮਲਕੀਤ ਸਿੰਘ ਭਵਾਨੀਗੜ੍ਹ (ਸਾਫਟਵੇਅਰ ਇੰਜੀਨੀਅਰ)
24. ਰਾਜਪਾਲ ਸਿੰਘ (ਕਿਸਾਨ ਤੇ ਪੰਥ ਸੇਵਕ)

JOINT STATEMENT

3 May 2020

The entire humanity is going through unprecedented trauma. We can endure, survive and overcome the challenges that this pandemic has imposed on us only by remaining united and helping each other. Sikh community true to their dictum of S*arbat Da Bhalaa* has been at the forefront in serving the needy in hours of distress by offering food through community kitchens *langar* and other daily essentials including grocery, dairy and even masks etc., irrespective of caste, creed or color of the needy at the same time. Sikh religious institutions have come forward and offered infrastructure for quarantine as well as residential purposes for doctors and nurses.

During these trying times when human values of empathy and aiding fellow humans should have come to the forefront, unfortunately we have witnessed a spate of utterly reprehensible reporting by a large section of the media augmented with irresponsible statements and acts by government departments and men holding responsible positions, targeting minorities and making them look harmful to society. The fear and insecurity generated by the pandemic is being channeled into the “othering” of the minority community.

The latest coverage by media of Takht Sri Hazur Sahib, Nanded (Maharashtra) pilgrims and the statements issued by Punjab’s health minister in regards to this is one more in series of vilification campaign which started with targeting of NRI Baldev Singh, who was accused as super spreader and Punjab police went to an extent of releasing a song especially targeting a poor soul who is no more with us .

Today a similar vilification campaign is being targeted at pilgrims returning from Takht Sri Hazur Sahib. We condemn this targeted vilification coverage

and statements both by the media and the state’s health minister. This abhorrent and malicious coverage must be stopped from immediate effect to avoid consequential detriment to the prospects of social harmony in Punjab. It is the time when energy and resources of society and institutions be channeled to ensure relief measures and health services sans discrimination on basis of caste, color, religion or race etc.

Endorsed by,

1. Ajaypal singh Brar (Author and Opinionist)
2. Ajmer Singh (Author and Political Analyst)
3. Amanpreet Singh (Management Professional)
4. Amardeep Singh (Sikh Activist, Delhi)
5. Bhawneet Singh (Sikh Activist, Delhi)
6. Bikramjit Singh (IT Professional)
7. Daljit Singh Sran (Senior Journalist)
8. Dr. Kanwaljit Singh Chhajjalwaddi (Principal of a College)
9. Gangvir Rathor (Activist and Opinionist)
10. Harbaksh Singh (IT Professional, Bangalore)
11. Inderepreet Singh, Sangrur (Accounts Officer)
12. Jagmohan Singh, (Editor of an Online News Portal)
13. Jasjeet Singh, (Film Producer and Entrepreneur)
14. Jaspal singh Manjhpur (Advocate)
15. Malkeet Singh Bhawanigarh (Software Engineer)
16. Mandhir Singh (Farmer and Sikh Activist)
17. Pardeep Singh (Writer and Film Director)
18. Parmjeet Singh (Editor of an Online News Portal)
19. Rajpal Singh (Opinionist and Farmer)
20. Sandeep Singh (Teacher)
21. Sarvkar Singh (Sikh Activist)
22. Sikandar Singh, Dr. (Assistant Professor)
23. Sukhdeep singh (Sikh Activist)
24. Sukhdeep Singh Barnala (Author)